## ELECTION CELL

**ELECTORAL REGISTRATION OFFICER -CUM- ACA,BDA**

**093-BATHINDA RURAL(SC)**

Phone/Fax No. 0164-5005429

Zila Parishad Complex-214

email:: bathindarural093ac@gmail.com

ਜ਼ਿੰਮੇਵਾਰ ਬਣੋ ਵੋਟ ਪਾਓ

**No** ਚਸ/2025/93 **Dated** 23.10.2025

ਵੱਲ,

1. ਜ਼ਿਲ੍ਹਾ ਸਿੱਖਿਆ ਅਫਸਰ (ਸਕੈ/ਐਲੀ.), ਬਠਿੰਡਾ, ਬਰਨਾਲਾ।
2. ਸਮੂਹ ਵਿਭਾਗਾਂ ਦੇ ਮੁੱਖੀ।

ਵਿਸ਼ਾ:- **Special Intensive Revision (SIR) w.r.t 01.01.2026- regarding.**

ਉਪਰੋਕਤ ਵਿਸ਼ੇ ਸਬੰਧੀ ਵਿਧਾਨ ਸਭਾ ਹਲਕਾ 093- ਬਠਿੰਡਾ ਦਿਹਾਤੀ ਦੇ ਬੀ.ਐੱਲ.ਓਜ਼ ਵਲੋਂ ਮੁੱਖ ਚੋਣ ਅਫਸਰ, ਚੰਡੀਗੜ੍ਹ, ਪੰਜਾਬ ਜੀ ਦੀਆਂ ਹਦਾਇਤਾਂ ਅਨੁਸਾਰ ਮੌਜੂਦਾ ਵੋਟਰ ਸੂਚੀ ਦਾ 2003 ਦੀ ਵੋਟਰ ਸੂਚੀ ਨਾਲ ਮਿਲਾਣ ਕਰਨ ਦਾ ਕੰਮ ਕੀਤਾ ਜਾ ਰਿਹਾ ਹੈ। ਇਸ ਸਬੰਧੀ ਜ਼ਿਲ੍ਹਾ ਚੋਣ ਅਫਸਰ, ਬਠਿੰਡਾ ਜੀ ਵੱਲੋਂ ਮਿਤੀ 22.10.2025 ਨੂੰ ਨਵੀਆਂ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ ਕਿ ਬੀ.ਐੱਲ.ਓ ਵੱਲੋਂ ਉਕਤ ਕੰਮ ਸਬੰਧੀ ਬੀ.ਐੱਲ.ਓ ਐਪ ਉੱਪਰ ਮੈਪਿੰਗ ਮਿਤੀ 26.10.2025 ਤੱਕ ਮੁਕੰਮਲ ਕਰਵਾਈ ਜਾਣੀ ਹੈ। ਇਸ ਲਈ ਆਪ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਆਪ ਦੇ ਦਫਤਰ ਅਧੀਨ ਕੰਮ ਕਰਦੇ ਅਧਿਕਾਰੀਆਂ/ਕਰਮਚਾਰੀਆਂ ਜਿਨਾ ਦੀ ਡਿਊਟੀ ਨਿਮਨਹਸਤਾਖਰ ਦੇ ਦਫਤਰ ਵਿਖੇ ਬਤੌਰ ਬੀ.ਐੱਲ.ਓ ਲੱਗੀ ਹੋਈ ਹੈ, ਨੂੰ ਆਪਣੀ ਵਿਭਾਗੀ ਡਿਊਟੀ ਤੋਂ ਮਿਤੀ 24-10-2025 ਤੋਂ 26-10-2025 ਤੱਕ ਫਾਰਗ ਕਰਕੇ ਬੀ.ਐੱਲ.ਓ ਡਿਊਟੀ ਲਈ ਪਾਬੰਦ ਕੀਤਾ ਜਾਵੇ ਤਾਂ ਜੋ ਉਕਤ ਕੰਮ ਸਮੇਂ ਸਿਰ ਨੇਪਰੇ ਚਾੜਿਆ ਜਾ ਸਕੇ।

ਚੋਣਕਾਰ ਰਜਿਸਟਰੇਸ਼ਨ ਅਫਸਰ,
93- ਬਠਿੰਡਾ ਦਿਹਾਤੀ।
ਮਿਤੀ-

**ਪਿੱਠ ਅੰਕਣ ਨੰ. ਚੋਣ-2025/**

ਉਪਰੋਕਤ ਦਾ ਉਤਾਰਾ:

1.ਮਾਨਯੋਗ ਉਪ ਮੰਡਲ ਮੈਜਿਸਟ੍ਰੇਟ,ਬਠਿੰਡਾ/ਤਲਵੰਡੀ ਸਾਬੋ/ਮੌੜ/ਰਾਮਪੁਰਾ ਜੀ ਨੂੰ ਭੇਜ ਕੇ ਬੇਨਤੀ ਕੀਤੀ ਜਾਂਦੀ ਹੈ ਕਿ ਜਿਨ੍ਹਾਂ ਅਧਿਕਾਰੀਆਂ/ਕਰਮਚਾਰੀਆਂ ਦੀ ਡਿਊਟੀ ਨਿਮਨਹਸਤਾਖਰ ਦੇ ਦਫ਼ਤਰ ਵਿਖੇ ਬਤੌਰ ਬੀ.ਐਲ.ਓ. ਲੱਗੀ ਹੋਈ ਹੈ ਜੇਕਰ ਆਪ ਵੱਲੋਂ ਉਨ੍ਹਾਂ ਦੀ ਡਿਊਟੀ ਕਿਸੇ ਹੋਰ ਕੰਮ ਸਬੰਧੀ ਆਪ ਦੇ ਦਫਤਰ ਦੇ ਅਧੀਨ ਲਗਾਈ ਗਈ ਹੈ ਤਾਂ ਉਨ੍ਹਾਂ ਨੂੰ ਮਿਤੀ 26.10.2025 ਤੱਕ ਛੋਟ ਦਿੱਤੀ ਜਾਵੇ ਜੀ ਤਾਂ ਜੋ ਮੁੱਖ ਚੋਣ ਅਫਸਰ ਚੰਡੀਗੜ੍ਹ ਪੰਜਾਬ ਜੀ ਵੱਲੋਂ ਜਾਰੀ ਕੀਤੀਆਂ ਗਈਆਂ ਹਦਾਇਤਾਂ ਅਨੁਸਾਰ ਕੰਮ ਮੁਕੰਮਲ ਕੀਤਾ ਜਾ ਸਕੇ।

2.ਜ਼ਿਲ੍ਹਾ ਚੋਣ ਅਫਸਰ, ਬਠਿੰਡਾ ਪਾਸ ਸੂਚਨਾ ਹਿੱਤ।

3.ਸਮੂਹ ਬੀ.ਐੱਲ.ਓ ਸੁਪਰਵਾਈਜ਼ਰ ਹਲਕਾ 93- ਬਠਿੰਡਾ ਦਿਹਾਤੀ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਆਪਣੇ ਸੈਕਟਰ ਵਿੱਚ ਪੈਂਦੇ ਬੂਥਾਂ ਦੇ ਬੀ.ਐੱਲ.ਓ ਪਾਸੋਂ ਇਹ ਕੰਮ ਉਕਤ ਮਿਤੀ ਅਨੁਸਾਰ ਕਰਵਾਉਣਾ ਯਕੀਨੀ ਬਣਾਇਆ ਜਾਵੇ। ਤਾਂ ਜੋ ਇਹ ਕੰਮ ਸਮੇਂ ਸਿਰ ਨੇਪਰੇ ਚੜ ਸਕੇ।

ਚੋਣਕਾਰ ਰਜਿਸਟਰੇਸ਼ਨ ਅਫਸਰ,
93-ਬਠਿੰਡਾਦਿਹਾਤੀ।

**ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)ਬਠਿੰਡਾ**

ਪਿਠ ਅੰਕਣ ਨੰ ਜੀ-1/1 ( )2025/ 6457 ,ਮਿਤੀ 24-10-25

ਉਪਰੋਕਤ ਦਾ ਉਤਾਰਾ ਸਮੂਹ ਸਕੂਲ ਮੁੱਖੀਆਂ ਨੂੰ , ਸੂਚਨਾ ਅਤੇ ਅਗਲੇਰੀ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ)
ਬਠਿੰਡਾ। 24/10/25